1-9 120

# ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 22-04-2014 ਨੂੰ ਸਵੇਰੇ 10.30 ਵਜੇ ਸਿੰਡੀਕੇਟ ਰੂਮ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ।

<u>ਹਾਜਰ ਮੈਂਬਰ</u>

1 ਡਾ. ਜਸਪਾਲ ਸਿੰਘ (ਚੇਅਰਮੈਨ)
ਵਾਈਸ-ਚਾਂਸਲਰ
2. ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ
3. ਪ੍ਰੋ. ਜੋਧ ਸਿੰਘ
4. ਪ੍ਰੋ. ਤਰਲੋਕ ਸਿੰਘ
5. ਸ. ਤਰਲੋਚਨ ਸਿੰਘ
6. ਪ੍ਰੋ. ਜਸਵਿੰਦਰ ਸਿੰਘ
ਡੀਨ ਅਕਾਦਮਿਕ ਮਾਮਲੇ/ਡੀਨ ਲੈਂਗੁਏਜ਼ਿਸ
7. ਪ੍ਰੋ. ਬਲਦੇਵ ਸਿੰਘ ਸੰਧੂ,
ਡੀਨ ਸੋਸ਼ਲ ਸਾਇੰਸਿਜ਼
8. ਪ੍ਰੋ. ਐਸ.ਐਸ.ਐਸ. ਚਾਹਲ,
ਡੀਨ ਲਾਈਫ ਸਾਇੰਸਿਜ਼
9. ਪ੍ਰੋ. ਨਵਜੋਤ ਕੌਰ ਕਸੇਲ,
ਡੀਨ ਆਰਟਸ ਐਂਡ ਕਲਚਰ
10. ਪ੍ਰੋ. ਤ੍ਰਿਸ਼ਨਜੀਤ ਕੌਰ,
ਡੀਨ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ
11. ਪ੍ਰੋ. ਪੁਸ਼ਪਿੰਦਰ ਕੌਰ ਢਿੱਲੋਂ,
ਡੀਨ ਲਾਅ
12. ਪ੍ਰੋ. ਪਵਨ ਕ੍ਰਿਸ਼ਨ,
ਡੀਨ ਮੈਡੀਸਨ
13. ਪ੍ਰੋ. ਜੇ.ਏ. ਖਾਨ,
ਡੀਨ ਕਾਲਜ ਵਿਕਾਸ ਕੌਂਸਿਲ
14. ਪ੍ਰੋ. ਜੇ.ਐਸ. ਪਸਰੀਚਾ
ਡੀਨ ਰਿਸਰਚ
15. ਪ੍ਰੋ. ਏ. ਐਸ. ਚਾਵਲਾ
ਰਜਿਸਟਰਾਰ
16. ਪ੍ਰੋ. ਦੇਵਿੰਦਰ ਸਿੰਘ,
ਡਾਇਰੈਕਟਰ, ਯੋਜਨਾ ਤੇ ਨਿਰੀਖਣ
17. ਡਾ. ਬਲਜੀਤ ਸਿੰਘ ਸਿੱਧੂ
ਵਿੱਤ ਅਫ਼ਸਰ

ਪ੍ਰੋ. ਪੁਸ਼ਪਿੰਦਰ ਸਿੰਘ ਗਿਲ ਅਤੇ ਪ੍ਰੋ. ਗੁਰਪ੍ਰੀਤ ਸਿੰਘ ਲਹਿਲ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਸ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋ ਸਕੇ।

ਇਕੱਤਰਤਾ ਦੇ ਆਰੰਭ ਵਿੱਚ ਵਾਈਸ-ਚਾਂਸਲਰ ਸਾਹਿਬ ਨੇ ਪਿਛਲੇ ਸਾਲ ਦੌਰਾਨ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਬਾਰੇ ਮੈਂਬਰ ਸਾਹਿਬਾਨ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਦੱਸਿਆ ਕਿ ਯੂਨੀਵਰਸਿਟੀ ਵਿਖੇ ਯੂ.ਜੀ.ਸੀ. ਵੱਲੋਂ Centre for Advanced Research in Indian Diaspora Studies ਸਥਾਪਿਤ ਕੀਤਾ ਗਿਆ ਹੈ ਅਤੇ ਇਸ ਸੈਂਟਰ ਲਈ 15.00 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ ਹੈ। ਮਿਤੀ 20 ਮਾਰਚ 2014 ਨੂੰ ਯੂਨੀਵਰਸਿਅੀ ਦੀ ਕਨਵੋਕੇਸ਼ਨ ਹੋਈ ਅਤੇ ਇਸ ਵਿੱਚ ਪੀ.ਐਚ-ਡੀ. ਦੀ ਡਿਗਰੀ ਲੈਣ ਵਾਲੇ ਵਿਦਿਆਰਥੀਆਂ ਦੀ ਕੁਲ ਗਿਣਤੀ 273 ਹੈ ਜੋ ਕਿ ਯੂਨੀਵਰਸਿਟੀ ਵਾਸਤੇ ਬਹੁਤ ਮਾਣ ਦੀ ਗੱਲ ਹੈ। ਭਾਈ ਵੀਰ ਸਿੰਘ ਦੀ ਪੰਜਾਬੀ ਸਾਹਿਬ ਪ੍ਰਤੀ ਦੇਣ ਨੂੰ ਮੁੱਖ ਰਖਦਿਆਂ ਯੂਨੀਵਰਸਿਟੀ ਵਿਚ ਭਾਈ ਵੀਰ ਸਿੰਘ ਚੇਅਰ ਸਥਾਪਿਤ ਕੀਤੀ ਗਈ ਹੈ। ਖੇਡਾਂ ਦੇ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ ਭਾਰਤ ਦੀ ਨੰਬਰ-1 ਯੂਨੀਵਰਸਿਟੀ ਹੈ ਅਤੇ ਸਾਡੀ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਵੱਲੋਂ Centre of Excellence in Sports ਘੋਸ਼ਿਤ ਕੀਤਾ ਗਿਆ ਹੈ। ਖੇਡਾਂ ਸੰਬੰਧੀ ਸਾਡੀਆਂ ਦੋ ਮੰਗਾਂ ਵੀ ਜ਼ੁਬਾਨੀ ਤੌਰ ਤੇ ਕੇਂਦਰ ਸਰਕਾਰ ਵੱਲੋਂ ਪ੍ਰਵਾਨ ਕਰ ਲਈਆਂ ਗਈਆਂ ਹਨ ਅਤੇ ਭਵਿੱਖ ਵਿਚ ਇਨ੍ਹਾਂ ਬਾਰੇ ਜਲਦ ਕਾਰਵਾਈ ਹੋਣ ਦੀ ਪੂਰੀ ਸੰਭਾਵਨਾ ਹੈ। ਇਨ੍ਹਾਂ ਵਿੱਚੋਂ ਪਹਿਲੀ Astroturf for Hockey ਅਤੇ ਦੂਜੀ ਮਲਟੀਪਰਪਜ਼ ਜ਼ਿਮਨੇਜ਼ੀਅਮ ਹਾਲ ਬਣਾਉਣ ਬਾਰੇ ਹੈ। ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰਾਂ ਨੂੰ ਯੂ.ਜੀ.ਸੀ. ਅਤੇ

ਚਲਦਾ..........

171 I-A/2



ਨਾਨ ਯੂ.ਜੀ.ਸੀ. ਫਿਡਿੰਗ ਏਜੰਸੀਆਂ ਵਲੋਂ ਲਗਭਗ 80 ਮੇਜ਼ਰ ਅਤੇ ਮਾਈਨਰ ਰਿਸਰਚ ਪ੍ਰੋਜੈਕਟਾਂ ਲਈ ਵਿੱਤੀ ਸਹਾਇਤਾ ਮਿਲ ਰਹੀ ਹੈ। ਸਾਲ 2013-14 ਦੌਰਾਨ ਅਤੇ ਹੁਣ ਤੱਕ ਲਗਭਗ 17 ਨਵੇਂ ਰਿਸਰਚ ਪ੍ਰੋਜੈਕਟਾਂ ਲਈ ਵਿੱਤੀ ਸਹਾਇਤਾ ਮਿਲੀ ਹੈ।

ਇਸ ਉਪਰੰਤ ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 14-05-2012 ਨੂੰ ਯੋਜਨਾ ਅਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਮੱਦ ਨੰਬਰ:1</u> ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਾਂ ਵਿਖੇ ਅਕਾਦਮਿਕ ਸੈਸ਼ਨ 2014-15 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 07-03-2014 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ (ਅੰਤਿਕਾ- I)'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਨਿਮਨ-ਲਿਖਿਤ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਾਂ ਵਿਖੇ ਸ਼ੁਰੂ ਕਰਨ ਵਾਲੇ ਕੋਰਸਾਂ ਸਬੰਧੀ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ: **ਅਕਾਦਮਿਕ ਸਾਲ 2014-15 ਤੋਂ ਹੇਠ ਲਿਖੇ ਨਵੇਂ ਕੋਰਸ ਇਸ ਸ਼ਰਤ ਤੇ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਕਿ ਇਨ੍ਹਾਂ ਵਿਭਾਗਾਂ/ਨੇਬਰਹੁੱਡ ਕੈਂਪਸਿਜ਼/ਕਾਲਜਾਂ ਨੂੰ ਮੌਜੂਦਾ ਫੈਕਲਟੀ, ਇਨਫਰਾਸਟਰੱਕਚਰ ਅਤੇ ਹੋਰ ਸਹੂਲਤਾਂ ਨਾਲ ਹੀ ਕੋਰਸ ਚਲਾਉਣੇ ਹੋਣਗੇ।**

1. ਕਾਲਜ ਆਫ ਇੰਜੀਨੀਅਰਿੰਗ, ਰਾਮਪੁਰਾ ਫੂਲ ਵਿਖੇ Diploma in Electronics and Communication Engineering,Diploma in Computer Engineering ਅਤੇ Diploma in Mechnical Engineering (ਇਨ੍ਹਾਂ ਕੋਰਸਾਂ ਵਿੱਚ ਦਸਵੀਂ ਪਾਸ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ)(ਅੰਤਿਕਾ- I-A) **ਕੋਰਸਾਂ ਨੂੰ ਸ਼ੁਰੂ ਕਰਨ ਦੇ ਮਾਮਲੇ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਵਿੱਚ ਮੁੜ ਵਿਚਾਰਿਆ ਜਾਵੇਗਾ।**
2. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਜੋਗੀ ਪੀਰ ਰੱਲ੍ਹਾ, ਮਾਨਸਾ ਵਿਖੇ ਪਹਿਲਾਂ ਚਲ ਰਹੇ ਕੋਰਸਾਂ ਵਿੱਚੋਂ PGDCA, BCA ਕੋਰਸ ਹੀ ਚਲਣਗੇ, ਬਾਕੀ ਇਸ ਸੈਸ਼ਨ ਤੋਂ ਬੰਦ ਕਰ ਦਿੱਤੇ ਜਾਣ ਅਤੇ B.Com..ਅਤੇ B.A. (Selected Subjects) **ਕੋਰਸ ਸ਼ੁਰੂ ਕਰਨ ਦੇ ਮਾਮਲੇ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਵਿੱਚ ਮੁੜ ਵਿਚਾਰਿਆ ਜਾਵੇਗਾ।** (ਅੰਤਿਕਾ- I-B)
3. ਪੰਜਾਬੀ ਯੂਨੀਵਰਸਿਟੀ ਬਾਬਾ ਧਿਆਨਦਾਸ ਨੇਬਰਹੁੱਡ ਕੈਂਪਸ, ਝੁਨੀਰ ਵਿਖੇ PGDCA, BCA, MBA(2yrs) ਕੋਰਸ ਚਲਣਗੇ, ਬਾਕੀ ਇਸ ਸੈਸ਼ਨ ਤੋਂ ਬੰਦ ਕਰ ਦਿੱਤੇ ਜਾਣ ਅਤੇ B.A. (Selected Sbjects), B.Sc. (Agricultural) ਅਤੇ B.Com. **ਕੋਰਸ ਸ਼ੁਰੂ ਕਰਨ ਦੇ ਮਾਮਲੇ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਵਿੱਚ ਮੁੜ ਵਿਚਾਰਿਆ ਜਾਵੇਗਾ।** (ਅੰਤਿਕਾ- I-C)
4. ਅਰਥ ਸ਼ਾਸਤਰ ਵਿਭਾਗ ਵਿਖੇ ਐਮ.ਐਸ.ਸੀ. ਆਨਰਜ਼ ਸਕੂਲ ਇਨ ਇਕਨਾਮਿਕਸ (ਪੰਜ ਸਾਲਾ ਇੰਟੈਗ੍ਰੇਟਿਡ ਕੋਰਸ) (ਇਹ ਕੋਰਸ ਵਿਭਾਗ ਵਿੱਚ ਪਹਿਲਾਂ ਚਲ ਰਹੇ ਬੀ.ਐਸ.ਸੀ.(ਤਿੰਨ ਸਾਲਾ) ਅਤੇ ਐਮ.ਏ.(ਦੋ ਸਾਲਾ)(ਬਿਜਨਸ ਇਕਨਾਮਿਕਸ) ਨੂੰ ਰਿਪਲੇਸ ਕਰਕੇ ਚਲਾਇਆ ਜਾਵੇਗਾ) (ਅੰਤਿਕਾ- I-D)
5. ਕੰਪਿਊਟਰ ਇੰਜੀਨੀਅਰਿੰਗ ਵਿਭਾਗ ਦਾ ਨਾਮ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿੱਚ ਤਬਦੀਲ ਕਰਨ ਅਤੇ

ਡਿਗਰੀ ਬੀ.ਟੈਕ. ਕੰਪਿਊਟਰ ਇੰਜੀਨੀਅਰਿੰਗ ਦਾ ਨਾਮ ਬਦਲ ਕੇ ਬੀ.ਟੈਕ. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਕਰ ਦਿੱਤਾ ਜਾਵੇ (ਅੰਤਿਕਾ- I-E)

6. ਟੂਰਿਜ਼ਮ, ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ Post-Graduate Diploma in Hospitality & Hotel Administration (Duration one year)(Two Semesters) ਅਤੇ Certificate Course in Bakery and Cookery ਦਾ Short Term Evening Course (Duration Six Months) (ਅੰਤਿਕਾ- I-F)

ਮੱਦ ਨੰ:2 ਯੂਨੀਵਰਸਿਟੀ ਦੇ ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਵਿਖੇ Certificate Course in Videography, Certificate Course in Video Editing ਅਤੇ Certificate Course in Film Acting ਦੇ Evening Three month Certificate Course ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (**ਅੰਤਿਕਾ- II**) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸੰਬੰਧਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

1) ਇਹ ਤਿੰਨੋਂ ਕੋਰਸ self finance ਹੋਣਗੇ ਅਤੇ ਇਨ੍ਹ ਕੋਰਸਾਂ ਦੇ ਸ਼ੁਰੂ ਹੋਣ ਨਾਲ ਯੂਨੀਵਰਸਿਟੀ ਉਪਰ ਕੋਈ ਵਿਤੀ ਬੋਝ ਨਹੀਂ ਪਵੇਗਾ।

2) ਇਨ੍ਹਾਂ ਤਿੰਨੇ ਕੋਰਸਾਂ ਦੀ ਫੀਸ ਤਿੰਨ ਮਹੀਨੇ ਲਈ 5500/-ਰੁ. ਪ੍ਰਤੀ ਵਿਦਿਆਰਥੀ ਹੋਵੇਗੀ।

3) ਇਹ ਤਿੰਨੇ ਕੋਰਸਾਂ ਲਈ ਵਿਦਿਅਕ ਯੋਗਤਾ 10+2 ਹੋਵੇਗੀ।

4) ਹਰੇਕ ਕੋਰਸ ਲਈ ਸੀਟਾਂ ਦੀ ਗਿਣਤੀ 20-20 ਹੋਵੇਗੀ।

ਮੱਦ ਨੰ:3 ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਹਿੰਦੀ ਵਿਭਾਗ ਅਤੇ ਪੰਜਾਬੀ ਵਿਭਾਗ ਵਿਖੇ ਅਕਾਦਮਿਕ ਸਾਲ 2014-15 ਤੋਂ ਵਿਦੇਸ਼ੀ ਵਿਦਿਆਰਥੀਆਂ ਲਈ ਐਲੀਮੈਂਟਰੀ, ਡਿਪਲੋਮੇ ਅਤੇ ਕਰੈਸ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 31-01-2014 ਨੂੰ ਹੋਈ ਇਕੱਤਰਤਾ ਵਿੱਚ ਇਨ੍ਹਾਂ ਵਿਸ਼ਿਆਂ ਸੰਬੰਧੀ ਕੀਤੀਆਂ ਸਿਫਾਰਸ਼ਾਂ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ III) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸੰਬੰਧਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

1. ਵਿਦੇਸ਼ੀ ਵਿਦਿਆਰਥੀਆਂ ਲਈ ਐਲੀਮੈਂਟਰੀ ਕੋਰਸ ਇਨ ਹਿੰਦੀ ਅਤੇ ਐਲੀਮੈਂਟਰੀ ਕੋਰਸ ਇਨ ਪੰਜਾਬੀ ਦਾ ਛੇ ਮਹੀਨੇ ਦਾ ਰੈਗੂਲਰ ਕੋਰਸ ਯੂਨੀਵਰਸਿਟੀ ਦੇ ਬਾਕੀ ਅਕਾਦਮਿਕ ਸੈਸ਼ਨ ਦੇ ਨਾਲ ਜੁਲਾਈ ਤੋਂ ਸ਼ੁਰੂ ਹੋ ਕੇ ਪੰਦਰਾਂ ਦਸੰਬਰ ਤਕ ਚੱਲੇਗਾ। ਇਨ੍ਹਾਂ ਕੋਰਸਾਂ ਵਿਚ ਦਾਖਲੇ

ਲਈ ਘੱਟੋ-ਘੱਟ ਦਸਵੀਂ ਪਾਸ ਦੀ ਸ਼ਰਤ ਰੱਖੀ ਗਈ ਹੈ, ਜੋ ਕਿ ਇਨ੍ਹਾਂ ਵਿਦਿਆਰਥੀਆਂ ਦੇ ਆਪਣੇ-ਆਪਣੇ ਦੇਸ਼ ਦੇ ਪ੍ਰਵਾਨਿਤ ਬੋਰਡਾਂ/ਸਿਖਿਆ ਪ੍ਰਣਾਲੀ ਤਹਿਤ ਜਾਰੀ ਕੀਤੇ ਗਏ ਹੋਣਗੇ ਅਤੇ ਉਨ੍ਹਾਂ ਦੇ ਅਸਲੀ ਹੋਣ ਦਾ ਪ੍ਰਮਾਣ-ਪੱਤਰ ਵਿਦਿਆਰਥੀਆਂ ਦੇ ਆਪਣੇ ਦੇਸ਼ ਦੀ ਅੰਬੈਸੀ ਨੂੰ ਦੇਣਾ ਹੋਵੇਗਾ।

2. ਵਿਦਿਆਰਥੀਆਂ ਲਈ ਹਿੰਦੀ ਅਤੇ ਪੰਜਾਬੀ ਵਿਚ ਡਿਪਲੋਮਾ ਕੋਰਸ ਇਕ ਸਾਲ ਦਾ ਹੋਵੇਗਾ ਅਤੇ ਇਹ ਤਿੰਨੇ ਵਿਭਾਗਾਂ ਵਿੱਚ ਜਨਵਰੀ ਤੋਂ ਸ਼ੁਰੂ ਹੋ ਕੇ ਪੰਦਰਾਂ ਦਸੰਬਰ ਤੱਕ ਚੱਲਿਆ ਕਰੇਗਾ। ਇਹ ਕੋਰਸ ਸਮੈਸਟਰ ਸਿਸਟਮ ਅਨੁਸਾਰ ਚਲੇਗਾ, ਭਾਵ ਕਿ ਪ੍ਰੀਖਿਆ ਸਾਲ ਵਿਚ ਦੋ ਵਾਰ ਜੂਨ ਅਤੇ ਦਸੰਬਰ ਵਿੱਚ ਲਈ ਜਾਵੇਗੀ।

3. ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ ਵਿੱਚ ਕਰੈਸ਼ ਕੋਰਸ ਸਾਲ ਵਿੱਚ ਦੋ ਵਾਰ ਜੁਲਾਈ ਅਤੇ ਜਨਵਰੀ ਵਿਚ ਸ਼ੁਰੂ ਕੀਤਾ ਜਾਵੇਗਾ, ਜੋ ਤਿੰਨ-ਤਿੰਨ ਮਹੀਨੇ ਦਾ ਹੋਵੇਗਾ।

4. ਇਨ੍ਹਾਂ ਕੋਰਸਾਂ ਦੀਆਂ ਫੀਸਾਂ ਆਦਿ ਮਿਤੀ 31-01-2014 ਦੀ ਇਕੱਤਰਤਾ ਵਿੱਚ ਲਏ ਗਏ ਫੈਸਲਿਆਂ (ਅੰਤਿਕਾ- III) ਅਨੁਸਾਰ ਹੋਵੇਗੀ।

5. ਇਨ੍ਹਾਂ ਸਾਰੇ ਕੋਰਸਾਂ ਦੀ ਪ੍ਰੀਖਿਆ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਵੱਲੋਂ ਲਈ ਜਾਵੇਗੀ ਅਤੇ ਸਰਟੀਫਿਕੇਟ ਵੀ ਪ੍ਰੀਖਿਆ ਸ਼ਾਖਾ ਵੱਲੋਂ ਦਿੱਤੇ ਜਾਣਗੇ।

<u>ਮੱਦ ਨੰ:4</u> ਗਣਿਤ ਵਿਭਾਗ ਵਿਖੇ ਅਕਾਦਮਿਕ ਸਾਲ 2014-15 ਤੋਂ ਬੀ.ਐਸ.ਸੀ. (ਐਮ.ਸੀ.ਐਮ.) ਦੀ ਥਾਂ ਤੇ ਬੀ.ਐਸ.ਸੀ. (ਆਨਰਜ਼) ਇਨ ਗਣਿਤ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 10-04-2014 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- IV) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕੀਤਾ ਗਿਆ ਅਤੇ **ਨਿਰਣਾ ਲਿਆ ਗਿਆ ਕਿ ਇਸ ਮੱਦ ਨੂੰ ਮੁੜ ਕਮੇਟੀ ਦੀ ਇਕੱਤਰਤਾ ਵਿੱਚ ਵਿਚਾਰ ਲਿਆ ਜਾਵੇ।**

<u>ਮੱਦ ਨੰ:5</u> ਕੰਪਿਊਟਰ ਸਾਇੰਸ ਵਿਭਾਗ ਵਿਖੇ ਅਕਾਦਮਿਕ ਸਾਲ 2012-13 ਤੋਂ ਐਮ.ਟੈਕ. (ਇੰਟਰਨੈਟ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ) ਕੋਰਸ ਦਾ ਨਾਂ ਬਦਲ ਕੇ ਐਮ.ਟੈਕ. (ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ) ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 30-05-2013 ਦੇ ਪੈਰ੍ਹਾ ਨੰ: 8.2 ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11-06-2013 ਦੇ ਪੈਰ੍ਹਾ ਨੰ: 37(37.285) ਰਾਹੀਂ ਕੀਤੀ ਪੁਸ਼ਟੀ (ਅੰਤਿਕਾ- V) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ:-

1) ਫੈਕਲਟੀ ਆਫ ਫਿਜ਼ੀਕਲ ਸਾਇੰਸਿਜ਼ ਦੀ ਮਿਤੀ 24-05-2012 ਦੀ ਸਿਫਾਰਸ਼ ਤੇ 2012-13 ਤੋਂ ਐਮ.ਟੈਕ.(ਇੰਟਰਨੈਟ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ) ਕੋਰਸ ਦਾ ਨਾਂ ਬਦਲ ਕੇ ਐਮ.ਟੈਕ.(ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ) ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ

124 1-A/5

(ਅੰਤਿਕਾ-VI) ਦੀ ਲੋਅ ਵਿੱਚ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੇ ਆਪਣੇ ਪੱਤਰ ਨੰ: 1337 ਮਿਤੀ 22-05-2013 (ਅੰਤਿਕਾ-VII) ਰਾਹੀਂ ਸਿਫਾਰਸ਼ਾਂ ਕੀਤੀਆਂ ਕਿ ਵਿਭਾਗ ਵਿਖੇ ਚਲ ਰਹੇ ਐਮ.ਟੈਕ.(ਇੰਟਰਨੈਟ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ) ਭਾਗ ਦੂਜਾ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਕੋਰਸ ਦਾ ਨਾਮ ਬਦਲ ਕੇ ਐਮ.ਟੈਕ. (ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ) ਕਰ ਦਿੱਤਾ ਜਾਵੇ, ਜਿਨ੍ਹਾਂ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨ ਕੀਤਾ ਗਿਆ ਹੈ।

2) ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਇਸ ਨੂੰ ਮੁੜ ਸਿੰਡੀਕੇਟ ਵਿੱਚ ਲੈ ਜਾਣ ਦੀ ਲੋੜ ਨਹੀਂ ਹੈ।

**ਮੱਦ ਨੰ:6**

ਸੈਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਵਿਖੇ ਅਕਾਦਮਿਕ ਸਾਲ 2013-14 ਤੋਂ ਐਮ.ਏ. (ਟੀ.ਵੀ.ਐਂਡ ਫਿਲਮ ਪ੍ਰੋਡਕਸ਼ਨ) ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 14-05-2013 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (ਅੰਤਿਕਾ- VIII) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 30-05-2013 ਦੇ ਪੈਰ੍ਹਾ ਨੰ: 8.1 ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11-06-2013 ਦੇ ਪੈਰ੍ਹਾ ਨੰ: 37(37.284) ਰਾਹੀਂ ਕੀਤੀ ਪੁਸ਼ਟੀ (ਅੰਤਿਕਾ- IX) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ: ਨੋਟ ਕਰਨਾ:-

**ਨੋਟ**

1) ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਵਿਖੇ ਅਕਾਦਮਿਕ ਸਾਲ 2013-14 ਤੋਂ ਐਮ.ਏ. (ਟੀ.ਵੀ. ਐਂਡ ਫਿਲਮ ਪ੍ਰੋਡਕਸ਼ਨ) ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 14-05-2013 ਨੂੰ ਇੱਕਤਰਤਾ ਹੋਈ। ਇਸ ਇਕੱਤਰਤਾ ਵਿੱਚ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਅਕਾਦਮਿਕ ਸਾਲ 2013-14 ਤੋਂ ਸੈਂਟਰ ਵਿਖੇ ਐਮ.ਏ.(ਟੀ.ਵੀ. ਐਂਡ ਫਿਲਮ ਪ੍ਰੋਡਕਸ਼ਨ) ਕੋਰਸ ਸ਼ੁਰੂ ਕੀਤਾ ਜਾਵੇ, ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨ ਕੀਤਾ ਹੈ ਅਤੇ ਇਸ ਦੀ ਪੁਸ਼ਟੀ ਅਕਾਦਮਿਕ ਕੌਂਸਲ ਅਤੇ ਸਿੰਡੀਕੇਟ ਵੱਲੋਂ ਕੀਤੀ ਗਈ ਹੈ।

2) ਇਸ ਕੋਰਸ ਦੀ ਸਾਲਾਨਾ ਫੀਸ 30,000/-ਰੁ. ਹੋਵੇਗੀ।

3) ਇਸ ਕੋਰਸ ਵਿੱਚ ਸੀਟਾਂ ਦੀ ਗਿਣਤੀ 20 ਹੋਵੇਗੀ।

4) ਇਸ ਕੋਰਸ ਦਾ ਸਿਲੇਬਸ Central University Himachal Pradesh, Dharamshala (H.P.) ਵੱਲੋਂ ਚਲਾਏ ਜਾ ਰਹੇ M.A. (Electronic Media) ਦੇ ਸਿਲੇਬਸ ਨੂੰ ਆਧਾਰ ਮੰਨ ਕੇ (ਲੋੜੀਂਦੀਆਂ ਤਬਦੀਲੀਆਂ ਕਰਨ ਉਪਰੰਤ) ਤਿਆਰ ਕੀਤਾ ਜਾਵੇ।

5) ਇਸ ਕੋਰਸ ਨੂੰ ਮੌਜੂਦਾ ਫੈਕਲਟੀ, ਇਨਫਰਾਸਟਰੱਕਚਰ ਅਤੇ ਹੋਰ ਸਹੂਲਤਾਂ ਨਾਲ ਹੀ ਚਲਾਇਆ ਜਾਵੇਗਾ।

125 1-A/6

6) ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਇਸ ਨੂੰ ਮੁੜ ਸਿੰਡੀਕੇਟ ਵਿੱਚ ਲੈ ਜਾਣ ਦੀ ਲੋੜ ਨਹੀਂ ਹੈ।

<u>ਮੱਦ ਨੰ:7</u>

ਪੰਜਾਬ ਸਕੂਲ ਆਫ ਲਾਅ ਵਿਖੇ ਅਕਾਦਮਿਕ ਸਾਲ 2013-14 ਤੋਂ ਇੱਕ ਸਾਲਾ ਐਲ.ਐਲ.ਐਮ. ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 15-07-2013 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (ਅੰਤਿਕਾ- X) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 28-05-2013 ਦੇ ਪੈਰ੍ਹਾ ਨੰ: 26.25 ਰਾਹੀਂ ਕੀਤੀ ਪੁਸ਼ਟੀ (ਅੰਤਿਕਾ- XI) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ

1) ਪੰਜਾਬ ਸਕੂਲ ਆਫ ਲਾਅ ਵਿਖੇ ਅਕਾਦਮਿਕ ਸਾਲ 2013-14 ਤੋਂ ਇੱਕ ਸਾਲਾ ਐਲ.ਐਲ.ਐਮ. ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 15-07-2013 ਨੂੰ ਇੱਕਤਰਤਾ ਹੋਈ। ਇਸ ਇਕੱਤਰਤਾ ਵਿੱਚ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਅਕਾਦਮਿਕ ਸਾਲ 2013-14 ਤੋਂ ਪੰਜਾਬ ਸਕੂਲ ਆਫ ਲਾਅ ਵਿਖੇ ਇੱਕ ਸਾਲ ਐਲ.ਐਲ.ਐਮ. ਕੋਰਸ ਸ਼ੁਰੂ ਕੀਤਾ ਜਾਵੇ, ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨ ਕੀਤਾ ਹੈ ਅਤੇ ਇਸ ਦੀ ਪੁਸ਼ਟੀ ਸਿੰਡੀਕੇਟ ਵੱਲੋਂ ਕੀਤੀ ਗਈ ਹੈ।

2) ਇਸ ਕੋਰਸ ਦੀ ਸਾਲਾਨਾ ਫੀਸ 1,00,000/-ਰੁ. ਹੋਵੇਗੀ ਅਤੇ ਇਸ ਵਿਚੋਂ 10,000/-ਰੁ. ਸਕਿਓਰਟੀ ਫੀਸ ਹੋਵੇਗੀ ਜੋ ਕਿ ਵਿਦਿਆਰਥੀ ਨੂੰ ਬਾਅਦ ਵਿੱਚ ਰੀਫੰਡ ਕਰ ਦਿੱਤੀ ਜਾਵੇਗੀ।

3) ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ।

4) ਇਸ ਕੋਰਸ ਦਾ ਦਾਖਲਾ ਅਕਾਦਮਿਕ ਸੈਸ਼ਨ 2013-14 ਦੌਰਾਨ ਬਾਕੀ ਪੋਸਟ ਗ੍ਰੈਜੂਏਟ ਕੋਰਸਾਂ ਵਾਂਗ ਆਨ ਲਾਈਨ ਮੈਰਿਟ ਬੇਸ ਤੇ ਕੀਤਾ ਜਾਵੇਗਾ।

5) ਰਿਜ਼ਰਵੇਸ਼ਨ ਪਾਲਿਸੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਲੀ ਹੋਵੇਗੀ।

6) ਇਹ ਕੋਰਸ ਸਮੈਸਟਰ ਸਿਸਟਮ ਅਧੀਨ ਚਲਾਇਆ ਜਾਵੇਗਾ।

7) ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਇਸ ਨੂੰ ਮੁੜ ਸਿੰਡੀਕੇਟ ਵਿੱਚ ਲੈ ਜਾਣ ਦੀ ਲੋੜ ਨਹੀਂ ਹੈ।

<u>ਮੱਦ ਨੰ:8</u>

ਡਾਂਸ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2013-14 ਤੋਂ ਪੀ.ਜੀ. ਡਿਪਲੋਮਾ ਇਨ ਪੰਜਾਬ ਦੇ ਲੋਕ ਨ੍ਰਿਤ (P.G. Diploma in Folk Dances of Punjab) ਕੋਰਸ ਸ਼ੁਰੂ ਕਰਨ ਦੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ XII) ਅਤੇ ਇਸ ਦੀਂ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 30-05-2013 ਦੇ ਪੈਰ੍ਹਾ ਨੰ: 8.3 ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11-06-2013 ਦੇ ਪੈਰ੍ਹਾ ਨੰ: 37(37.286) ਰਾਹੀਂ ਕੀਤੀ

126 1-A



ਪੁਸ਼ਟੀ (ਅੰਤਿਕਾ- XIII) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:

ਨੋਟ

1) ਮੁਖੀ, ਡਾਂਸ ਵਿਭਾਗ ਨੇ ਵਿਭਾਗ ਦੇ ਪੱਤਰ ਨੰ: 3845 ਮਿਤੀ 27-05-2013 (ਅੰਤਿਕਾ- XIV) ਰਾਹੀਂ ਇਸ ਕੋਰਸ ਦੀ ਤਜਵੀਜ਼ ਵਾਈਸ-ਚਾਂਸਲਰ ਸਾਹਿਬ ਨੂੰ ਭੇਜੀ ਸੀ, ਜਿਸ ਦੀ ਅਨੁਸਾਰਤਾ ਵਿੱਚ ਉਨ੍ਹਾਂ ਪਾਸੋਂ ਪ੍ਰਵਾਨਗੀ ਲਈ ਗਈ ਹੈ।

2) ਇਸ ਡਿਪਲੋਮੇ ਦੀ ਮਿਆਦ ਇਕ ਸਾਲ ਹੋਵੇਗੀ।

3) ਇਸ ਕੋਰਸ ਵਿੱਚ ਦਾਖਲਾ ਲੈਣ ਲਈ ਮੁਢਲੀ ਯੋਗਤਾ ਬੀ.ਏ.(ਕਿਸੇ ਵੀ ਵਿਸ਼ੇ ਨਾਲ) ਹੋਵੇਗੀ। ਡਿਪਲੋਮੇ ਵਿਚ ਦਾਖਲਾ ਲੈਣ ਲਈ ਵਿਦਿਆਰਥੀ ਨੂੰ ਇਕ ਆਡੀਸ਼ਨ ਟੈਸਟ ਵਿਚੋਂ ਗੁਜ਼ਰਨਾ ਪਵੇਗਾ ਤਾਂ ਜੋ ਉਸਦੀ ਪ੍ਰਤੀਭਾ, ਸਮਰੱਥਾ ਅਤੇ ਝੁਕਾਅ ਦੀ ਪਰਖ ਹੋ ਸਕੇ।

4) ਇਸ ਕੋਰਸ ਲਈ ਸੀਟਾਂ ਦੀ ਗਿਣਤੀ 15 ਹੋਵੇਗੀ।

5) ਇਸ ਕੋਰਸ ਦੀ ਫ਼ੀਸ ਦੀ ਰੂਪ-ਰੇਖਾ ਹੋਰਾਂ ਪੀ.ਜੀ. ਡਿਪਲੋਮਿਆਂ ਵਾਲੀ ਹੋਵੇਗੀ। ਪੇਪਰਾਂ ਦੀ ਸੰਖਿਆ, ਰੂਪ-ਰੇਖਾ ਅਤੇ ਸਿਲੇਬਸ ਵਿਭਾਗ ਵੱਲੋਂ ਤਿਆਰ ਕਰਕੇ ਬੋਰਡ ਆਫ਼ ਸਟੱਡੀਜ਼ ਵਿੱਚ ਪ੍ਰਵਾਨ ਕਰਵਾ ਲਏ ਜਾਣ।

6) ਮੁਖੀ ਵੱਲੋਂ ਇਸ ਮੰਤਵ ਦੀ ਸਿੱਧੀ ਲਈ ਕੁਝ ਸਾਜੋ-ਸਮਾਨ ਦੀ ਵੀ ਮੰਗ ਕੀਤੀ ਹੈ, ਜਿਸ ਦਾ ਵੇਰਵਾ ਇਸ ਤਜਵੀਜ਼ ਵਿੱਚ ਦਰਸਾਇਆ ਗਿਆ ਹੈ। ਲੋੜ ਪੈਣ ਤੇ ਦਫ਼ਤਰੀ ਅਮਲਾ ਅਤੇ ਫੈਕਲਟੀ ਮੈਂਬਰਜ਼ ਦੀ ਮੰਗ ਵੀ ਕੀਤੀ ਜਾ ਸਕਦੀ ਹੈ।

ਮੱਦ ਨੰ:9 ਸੰਗੀਤ ਵਿਭਾਗ ਵਿਖੇ ਅਕਾਦਮਿਕ ਸਾਲ 2013-14 ਤੋਂ ਪੀ.ਜੀ.ਡਿਪਲੋਮਾ ਇਨ ਪੰਜਾਬੀ ਫੋਕ ਮਿਊਜ਼ਿਕ ਐਂਡ ਸੂਫ਼ੀ ਮਿਊਜ਼ਿਕ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- XV) ਅਤੇ ਇਸ ਦੀ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 30-05-2013 ਦੇ ਪੈਰ੍ਹਾ ਨੰ: 8.4 ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11-06-2013 ਦੇ ਪੈਰ੍ਹਾ ਨੰ: 37(37.287) ਰਾਹੀਂ ਕੀਤੀ ਪੁਸ਼ਟੀ (ਅੰਤਿਕਾ- XVI) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ

1. ਮੁਖੀ, ਸੰਗੀਤ ਵਿਭਾਗ ਨੇ ਵਿਭਾਗ ਦੇ ਪੱਤਰ ਨੰ: 3587 ਮਿਤੀ 23-05-2013 (ਅੰਤਿਕਾ- XVII) ਰਾਹੀਂ ਇਸ ਕੋਰਸ ਦੀ ਤਜਵੀਜ਼ ਵਾਈਸ-ਚਾਂਸਲਰ ਸਾਹਿਬ ਨੂੰ ਭੇਜੀ ਸੀ, ਜਿਸ ਦੀ ਅਨੁਸਾਰਤਾ ਵਿੱਚ ਉਨ੍ਹਾਂ ਪਾਸੋਂ ਪ੍ਰਵਾਨਗੀ ਲਈ ਗਈ ਹੈ।

2. ਇਸ ਡਿਪਲੋਮੇ ਦੀ ਮਿਆਦ ਇਕ ਸਾਲ ਹੋਵੇਗੀ।

127 1-A/8

3. ਇਸ ਕੋਰਸ ਵਿੱਚ ਦਾਖਲਾ ਲੈਣ ਲਈ ਮੁਢਲੀ ਯੋਗਤਾ ਬੀ.ਏ.(ਕਿਸੇ ਵੀ ਵਿਸ਼ੇ ਨਾਲ) ਹੋਵੇਗੀ। ਡਿਪਲੋਮੇ ਵਿਚ ਦਾਖਲਾ ਲੈਣ ਲਈ ਵਿਦਿਆਰਥੀ ਨੂੰ ਇਕ ਆਡੀਸ਼ਨ ਟੈਸਟ ਵਿਚੋਂ ਗੁਜ਼ਰਨਾ ਪਵੇਗਾ ਤਾਂ ਜੋ ਉਸਦੀ ਪ੍ਰਤੀਭਾ, ਸਮਰੱਥਾ ਅਤੇ ਝੁਕਾਅ ਦੀ ਪਰਖ ਹੋ ਸਕੇ।

4. ਇਸ ਕੋਰਸ ਲਈ ਸੀਟਾਂ ਦੀ ਗਿਣਤੀ 15 ਹੋਵੇਗੀ।

5. ਇਸ ਕੋਰਸ ਦੀ ਫ਼ੀਸ ਦੀ ਰੂਪ-ਰੇਖਾ ਹੋਰਾਂ ਪੀ.ਜੀ. ਡਿਪਲੋਮਿਆਂ ਵਾਲੀ ਹੋਵੇਗੀ। ਪੇਪਰਾਂ ਦੀ ਸੰਖਿਆ, ਰੂਪ-ਰੇਖਾ ਅਤੇ ਸਿਲੇਬਸ ਵਿਭਾਗ ਵੱਲੋਂ ਤਿਆਰ ਕਰਕੇ ਬੋਰਡ ਆਫ਼ ਸਟੱਡੀਜ਼ ਵਿੱਚ ਪ੍ਰਵਾਨ ਕਰਵਾ ਲਏ ਜਾਣ।

<u>ਮੱਦ ਨੰ:10</u>

ਪੰਜਾਬ ਵਿਖੇ ਇੰਡਸਟ੍ਰੀਅਲ ਰਿਸਰਚ ਅਤੇ ਡਿਵੈਲਪਮੈਂਟ ਨੂੰ ਪ੍ਰਮੋਟ ਕਰਨ ਲਈ, ਬਿਜਨਸ ਮੈਨੇਜਰਜ਼ ਨੂੰ ਟ੍ਰੇਨਿੰਗ ਮੁਹੱਈਆ ਕਰਨ ਅਤੇ ਕਨਸਲਟੈਂਸੀ ਦੇਣ ਸਬੰਧੀ ਬਿਜਨਸ ਪਾਲਿਸੀ, ਰਿਸਰਚ ਐਂਡ ਡਿਵੈਲਪਮੈਂਟ ਸੈਂਟਰ ਸਥਾਪਿਤ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (**ਅੰਤਿਕਾ-XVIII**)ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 18-03-2014 ਦੇ ਪੈਰ੍ਹਾ ਨੰ: 32 ਰਾਹੀਂ ਕੀਤੀ ਪੁਸ਼ਟੀ ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ:

1. ਡਾ. ਜੀ.ਐਸ. ਬੱਤਰਾ, ਪ੍ਰੋਫੈਸਰ, ਸਕੂਲ ਆਫ ਮੈਨੇਜਮੈਂਟ ਸਟੱਡੀਜ਼ ਵੱਲੋਂ ਪੰਜਾਬ ਵਿਖੇ ਸਟੇਟ ਦੀ ਇੰਡਸਟ੍ਰੀਅਲ ਪਾਲਿਸੀ ਵਿੱਚ ਨਿਵੇਸ਼ ਕਰਤਾ ਵੱਲੋਂ ਨਵੀਂ ਇੰਡਸਟਰੀ ਸਥਾਪਿਤ ਕਰਨ ਸਬੰਧੀ ਦਿਲਚਸਪੀ ਦਿਖਾਂਉਦੇ ਹੋਏ ਵਿਭਾਗ ਵਿਚ ਪਿਛਲੇ ਕਾਫੀ ਸਮੇਂ ਤੋਂ ਉਘਾ ਯੋਗਦਾਨ ਦਿੱਤੇ ਜਾਣ ਦੀ ਲੋਅ ਵਿੱਚ ਬਿਜਨਸ ਪਾਲਿਸੀ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ ਸਥਾਪਿਤ ਕਰਨ ਸਬੰਧੀ ਦਿੱਤੀ ਤਜਵੀਜ਼ ਨੂੰ ਮੁਖ ਰੱਖਦੇ ਹੋਏ ਇਹ ਸੈਂਟਰ ਸਥਾਪਿਤ ਕੀਤਾ ਗਿਆ ਹੈ।

2. ਇਸ ਸੈਂਟਰ ਦੇ ਸਥਾਪਿਤ ਹੋਣ ਤੇ ਨਵੇਂ ਨਿਵੇਸ਼ਕਾਰ ਇਸ ਸੈਂਟਰ ਤੋਂ ਸੇਧ ਲੈਣ ਲਈ ਅਤੇ ਆਪਣੇ ਮੈਨੇਜਰਾਂ ਨੂੰ ਟ੍ਰੇਨਿੰਗ, ਕਨਸਲਟੈਂਸੀ ਅਤੇ ਰਿਸਰਚ ਲਈ ਇਸ ਸੈਂਟਰ ਵਿਖੇ ਭੇਜਣਗੇ।

<u>ਮੱਦ ਨੰ:11</u>

ਅਜੋਕੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਪਾਠਕਾਂ/ਵਰਤੋਂਕਾਰਾਂ ਨੂੰ ਪੰਜਾਬੀ ਦੀ ਸਮੱਗਰੀ ਤੁਰੰਤ, ਸਹਿਜੇ ਅਤੇ ਘੱਟ ਲਾਗਤ 'ਤੇ ਉਪਲਬਧ ਕਰਵਾਉਣ ਲਈ ਇੱਕ ਵਿਸ਼ੇਸ਼ ਪ੍ਰੋਜੈਕਟ (ਪੰਜਾਬੀ ਪੀਡੀਆ ਪ੍ਰੋਜੈਕਟ) ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (**ਅੰਤਿਕਾ- XIX**) ਦੀ ਲੋਅ ਵਿੱਚ ਵਿਚਾਰ ਕਰਨ ਉਪਰੰਤ ਬੋਰਡ ਵੱਲੋਂ ਉਪਰੰਤ ਇਸ ਮੱਦ ਨਾਲ ਸੰਬੰਧਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1) ਇਹ ਪ੍ਰੋਜੈਕਟ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਾਹਿਬ ਦੀ ਨਿਗਰਾਨੀ ਹੇਠ ਚਲਾਇਆ ਜਾਵੇਗਾ।

2) ਇਸ ਪ੍ਰੋਜੈਕਟ ਦੀ ਮਿਆਦ (ਲਗਭਗ 5 ਸਾਲ) ਤੱਕ ਵੱਖ ਵੱਖ ਮੱਦਾਂ ਅਧੀਨ 7,25,000/-ਰੁ. ਦੀ ਬਜਟ ਵਿਵਸਥਾ ਕੀਤੀ ਗਈ ਹੈ।

3) ਅਮਲਾ ਸ਼ਾਖਾ ਦੇ ਦਫਤਰੀ ਆਦੇਸ਼ ਨੰ: 32142-32301/ਅਮਲਾ/ਨਿਗ-1/ਸ8 ਮਿਤੀ 26-08-2013 ਰਾਹੀ ਡਾ. ਦਵਿੰਦਰ ਸਿੰਘ, ਪ੍ਰੋਫੈਸਰ, ਜ਼ੁਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ ਨੂੰ ਇਸ ਪ੍ਰੋਜੈਕਟ ਦੀ ਦੇਖ-ਰੇਖ ਅਤੇ ਅਗਵਾਈ ਲਈ ਬਤੌਰ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।

<u>ਮੱਦ ਨੰ:12</u>

ਸਕੂਲ ਆਫ ਮੈਨੇਜਮੈਂਟ ਸਟੱਡੀਜ਼ ਵਿਖੇ ਜੁਲਾਈ 2014 ਤੋਂ ਸ਼ੁਰੂ ਹੋਣ ਵਾਲੇ ਅਕਾਦਮਿਕ ਸੈਸ਼ਨ ਦੌਰਾਨ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਇੱਕ ਛੇ ਮਹੀਨੇ ਦਾ ਸਰਟੀਫਿਕੇਟ ਕੋਰਸ ਇਨ ਬਿਜਨੈਸ ਐਨਾਲਿਸਟ ਸ਼ੁਰੂ ਕਰਨ ਸਬੰਧੀ ਪ੍ਰਾਪਤ ਪੱਤਰ (**ਅੰਤਿਕਾ- XX**) ਤੇ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਪ੍ਰਵਾਨਗੀ ਦਿੰਦੇ ਹੋਏ ਇਸ ਮੱਦ ਨਾਲ ਸੰਬੰਧਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

ਇਸ ਕੋਰਸ ਦੀਆਂ 250 ਸੀਟਾਂ ਰੱਖ ਲਈਆਂ ਜਾਣ। ਇਸ ਕੋਰਸ ਦੀ ਪ੍ਰੋਪਜ਼ਡ ਫੀਸ 20,000/-ਰੁ. ਹੋਵੇਗੀ। ਇਹ ਕੋਰਸ ਐਮ.ਬੀ.ਏ. ਤੋਂ ਇਲਾਵਾ ਦੂਸਰੇ ਵਿਦਿਆਰਥੀਆਂ ਲਈ ਓਪਨ ਹੋਵੇਗਾ। ਇਸ ਕੋਰਸ ਵਿੱਚ ਦਾਖਲਾ ਲੈਣ ਲਈ ਪਾਤਰਤਾ ਕਿਸੇ ਵੀ ਕੋਰਸ ਦੀ ਗੈਜੂਏਸ਼ਨ ਹੋਵੇਗੀ।

ਡਾਇਰੈਕਟਰ
ਯੋਜਨਾ ਤੇ ਨਿਰੀਖਣ

ਡੀਨ ਅਕਾਦਮਿਕ ਮਾਮਲੇ 28-4-14

ਵਾਈਸ-ਚਾਂਸਲਰ ਸਾਹਿਬ

28.4.14

DPM 5.5.14